(i) Printed Pages: 4 Roll No. ................................

(ii) Questions : 6

**Sub. Code : | 0 | 5 | 0 | 8 |**

**Exam. Code : | 0 | 0 | 0 | 6 |**

**B.A. (General) 6th Semester**

**1059**

**PUNJABI**

**Paper–Elective**

**Time Allowed : Three Hours] [Maximum Marks : 90**

**ਨੋਟ :–** ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਸਵਾਲਾਂ ਦੇ ਜਵਾਬ ਤਰਤੀਬ ਅਨੁਸਾਰ ਹੀ ਦਿੱਤੇ ਜਾਣ। ਪ੍ਰਸ਼ਨ ਨੰ. **3** ਅਤੇ **4** ਦੇ ਹੱਲ ਇਕੋ ਥਾਂ ਹੀ ਕੀਤੇ ਜਾਣ। ਲਿਖਾਈ ਸ਼ੁੱਧ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ।

1. ਕਿਸੇ **ਇੱਕ** ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਉਂਗਲ ਪਕੜ ਅਜ਼ੀਜ਼ ਲਿਆਇਆ, ਯੂਸਫ ਵਿੱਚ ਮਹੱਲਾਂ।
ਵੇਖ ਜਲੈਖਾਂ ਅੱਖੀ ਮੀਟੀ, ਮੂੰਹ ਥੀਂ ਕਰੇ ਨ ਗੱਲਾਂ।
ਕਿਆ ਜਾਣਾ ਇਹ ਖ਼ਵਾਬ ਹੈ ਮੈਨੂੰ, ਯਾ ਇਹ ਹੈ ਬੇਦਾਰੀ।
ਅੱਖੀਂ ਖੋਲਾਂ ਮੱਤ ਛੱਲ ਵੰਜੇ, ਹੋਵੇ ਵੱਤ ਕੁਆਰੀ।

**ਜਾਂ**

ਡੇਖ ਨ ਮੈਂਡੇ ਅਵਗੁਣ ਡਾਹੂੰ, ਤੇਰਾ ਨਾਮ ਸਤਾਰੀ ਦਾ।
ਤੂੰ ਸੁਲਤਾਨ ਸਭੈ ਕਿਛ ਸਰਦਾ, ਮਾਲਮ ਹੈ ਤੈਨੂੰ ਹਾਲ ਜਿਗਰ ਦਾ।
ਤਉ ਕੋਲੋਂ, ਕੁਛ ਨਾਂਹੀ ਪੜਦਾ, ਫੋਲਿ ਨਾ ਐਬ ਵਿਚਾਰੀ ਦਾ। 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਸਪੱਸ਼ਟ ਕਰੋ :

(ੳ) ਆਪਿ ਨੂੰ ਪਛਾਣਿ

(ਅ) ਹੀਰ ਦਾ ਨਿੱਤ ਦਾ ਜੀਵਨ। 10

2. ਕਿਸੇ **ਇੱਕ** ਕਾਵਿ-ਬੰਦ ਜਾਂ ਵਾਰਤਕ ਟੁੱਕੜੀ ਦੀ ਵਿਹਾਰਕ ਆਲੋਚਨਾ ਕਰੋ :

(ੳ) ਤਾਂ ਧਰੂਹ ਮਿਆਨੋ ਮਿਸਰੀ ਕੱਢੀ, ਸਿਰ ਹੀਰੇ ਦੇ ਲਾਈ।
ਗਿਰਦੀ ਖਾਇ ਗਈ ਵੱਲ ਪਿੱਛੋਂ, ਉਹ ਤਾਂ ਸੱਟ ਬਚਾਈ।
ਤਾਂ ਦੂਜੀ ਚੋਟ ਮਾਰੀ ਫਿਰ ਨੂਰੇ, ਘੋੜੀ ਪਿਛਦੋਂ ਆਈ।
ਭਜੇਂ ਨਾਹੀਂ ਅੱਗੇ ਜੱਟਾ, ਹੁਣ ਵਾਰੀ ਮੈਂਡੀ ਆਈ।
ਹੀਰ ਧੂਹ ਕਰ ਮਾਰੀ ਮਿਸਰੀ, ਸਿਰ ਨੂਰੇ ਦੇ ਸੱਟੀ।
ਆਈ ਰਾਸ ਨਾ ਗਈ ਛੁਹਾਵੀਂ, ਧਰਤੀ ਰੱਤ-ਵਿਰੱਤੀ।
ਅੱਧਾ ਧੜ ਹੰਨੇ ਵਿੱਚ ਫਾਥਾ ਅੱਧਾ ਢੱਠਾ ਧਰਤੀ।
ਆਖ ਦਮੋਦਰ ਕੀਕਣ ਦਿੱਸੇ ਜਣੇ ਧੋਬੀ ਸੁੱਥਣ ਘੱਤੀ।

**ਜਾਂ**

ਗੰਗਾਦੀਨ ਆਪ ਬਹੁਤ ਸਧਰਾ ਸੀ। ਉਸਦਾ ਚਿਹਰਾ-ਮੁਹਰਾ ਉਸਦੇ ਆਪਣੇ ਬਣਾਏ ਬੂਟਾਂ ਵਰਗਾ ਸਾਫ਼ ਸੀ। ਉਸ ਉਤੇ ਕੋਈ ਵਿਖਾਵਾ ਜਾਂ ਹੋਛਾਪਣ ਨਹੀਂ ਸੀ, ਉਸਦੇ ਸਿਰ ਤੇ ਦਾੜ੍ਹੀ ਦੇ ਵਾਲ ਭੂਰੇ ਹੋ ਚੁੱਕੇ ਸਨ। ਪਰ ਉਸਦੀ ਅਵਾਜ ਬੜੀ ਸਾਫ਼ ਸੀ। ਉਹ ਬੜੇ ਠਰ੍ਹੰਮੇ ਵਾਲਾ ਸੀ ਤੇ ਸਭ ਕੰਮ ਠੰਡੇ ਦਿਲ ਨਾਲ ਕਰਦਾ ਸੀ। ਉਸਦੀਆਂ ਅੱਖਾਂ ਵਿੱਚ ਚਮਕ ਸੀ, ਜੋ ਦੱਸਦੀ ਸੀ ਕਿ ਇਨ੍ਹਾਂ ਅੱਖਾਂ ਦਾ ਮਾਲਕ ਹਰ ਕੰਮ ਕਮੂਨੇ ਦਾ ਕਰਦਾ ਹੈ। ਆਪਣੀ ਸਾਰੀ ਵਾਹ ਲਾ ਕੇ ਕਰਦਾ ਹੈ ਅਤੇ ਆਪਣੇ ਦਿਲ ਦੇ ਪੂਰੇ ਚਾਉ ਨਾਲ ਕਰਦਾ ਹੈ। ਉਸਦਾ ਵੱਡਾ ਭਰਾ ਭਾਵੇਂ ਰਤਾ ਪਿਲੱਤਣ ਉਤੇ ਸੀ ਤੇ ਰਤਾ ਕੁੱਬਾ ਵੀ ਸੀ, ਪਰ ਉਹ

ਗੰਗਾਦੀਨ ਨਾਲ ਏਨ੍ਹਾ ਰਲਦਾ ਸੀ ਕਿ ਮੈਨੂੰ ਕਈ ਵਾਰ ਪਤਾ ਨਹੀਂ ਸੀ ਲਗਦਾ ਕਿ ਮੈਂ ਉਨਾਂ ਵਿੱਚੋਂ ਕਿਸ ਨਾਲ ਗੱਲਾਂ ਕਰ ਰਿਹਾ ਹਾਂ। ਫੇਰ ਵੀ ਇੱਕ ਨਿਸ਼ਾਨੀ ਮੈਨੂੰ ਲੱਭੀ ਹੋਈ ਸੀ। ਜੇ ਤਾਂ ਮੇਰੇ ਨਾਲ ਗੱਲਾਂ ਕਰਨ ਵਾਲਾ ਕਹਿੰਦਾ ਹੈ ਕਿ ਮੈਂ ਭਰਾ ਨੂੰ ਪੁੱਛਾਂਗਾਂ, ਤਾਂ ਮੈ ਸਮਝ ਲੈਂਦਾ ਕਿ ਉਹ ਵੱਡਾ ਭਰਾ ਹੈ; ਜੇ ਉਹ ਇਹ ਨਾ ਕਹਿੰਦਾ ਤਾਂ ਗੰਗਾਦੀਨ ਹੁੰਦਾ। 10

(ਅ) ਕਿਸੇ **ਇੱਕ** ਨਿਬੰਧ ਦੀ ਸਾਹਿਤਕ ਆਲੋਚਨਾ ਕਰੋ :

(ੳ) ਸਰਬੱਤ ਦਾ ਭਲਾ

(ਅ) ਮਾਂ। 10

3. ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋ :

(ੳ) 'ਚੰਦਨ ਰੁੱਖ ਲੱਗਾ ਵਿੱਚ ਵਿਹੜੇ' ਕਾਫੀ ਦਾ ਕੇਂਦਰੀ ਭਾਵ ਲਿਖੋ।

(ਅ) 'ਵਿੱਚ ਵਿਚੋਲਾ ਕੇਹਾ' ਕਾਫੀ ਵਿੱਚ ਕਵੀ ਨੇ ਕੀ ਵਿਚਾਰ ਪੇਸ਼ ਕੀਤਾ ਹੈ ?

(ੲ) ਝੀਊਰੀ ਕੁੜੀ ਕਦੋਂ ਅਤੇ ਕਿਥੇ ਰਾਂਝੇ ਉਪਰ ਮੋਹਿਤ ਹੋ ਜਾਂਦੀ ਹੈ ?

(ਸ) ਮਿਰਜ਼ੇ ਦੇ ਜਨਮ ਤੇ ਇਸ਼ਕ ਬਾਰੇ ਤੁਸੀਂ ਕੀ ਜਾਣਦੇ ਹੋ ?

(ਹ) "ਸੁੱਚੀ ਕਿਰਤ ਰੱਬ ਦੀ ਪੂਜਾ ਹੈ" ਇਸ ਕਥਨ ਨੂੰ ਸਪੱਸ਼ਟ ਕਰੋ।

(ਕ) ਦੂਜਿਆਂ ਦੀ ਸੇਵਾ ਲਈ ਅਰਦਾਸ ਦਾ ਤਰੀਕਾ ਕਿਉਂ ਉਤਮ ਹੈ ?

(ਖ) ਜੁੱਤੀ ਨਿਬੰਧ ਵਿੱਚ ਲੇਖਕ ਨੇ ਕਿਸ ਤਰਾਂ ਹਾਸਾ ਉਪਜਾਇਆ ਹੈ ?

(ਗ) ਮੋਤੀ ਨਿਬੰਧ ਦੇ ਲੇਖਕ ਦਾ ਨਾਂ ਤੇ ਵਿਸ਼ੇ ਬਾਰੇ ਦੱਸੋ। 2×5=10

4. ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕੌਣ ਹੈ ? ਉਸਦੀ ਰਚਨਾ ਦੀਆਂ ਵਿਸ਼ੇਸ਼ਤਾਵਾਂ ਲਿਖੋ।

(ਅ) ਆਦਿ ਕਾਲ ਤੋਂ 1700 ਈ. ਤੱਕ ਦੇ ਸੂਫੀ ਕਵੀਆਂ ਦੇ ਨਾਂ ਲਿਖੋ।

(ਝ) ਨਾਨਕ ਕਾਲ ਵਿੱਚ ਲਿਖੇ ਜੰਗਨਾਮਿਆਂ ਅਤੇ ਲੇਖਕਾਂ ਦੇ ਨਾਂ ਲਿਖੋ।

(ਸ) ਪੀਲੂ ਦੀ ਰਚਨਾ ਅਤੇ ਉਸਦੀਆਂ ਵਿਸ਼ੇਸ਼ਤਾਈਆਂ ਲਿਖੋ।

(ਹ) ਸੁਲਤਾਨ ਬਾਹੂ ਦੀ ਰਚਨਾ ਤੇ ਉਸਦੀਆਂ ਕਾਵਿ ਖੂਬੀਆਂ ਬਾਰੇ ਲਿਖੋ।

(ਕ) ਹਾਫਿਜ਼ਬਰਖੁਰਦਾਰ ਦੀ ਰਚਨਾ ਬਾਰੇ ਜਾਣਕਾਰੀ ਦਿਉ। 5×4=20

5. ਕਿਸੇ **ਇੱਕ** ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(ੳ) ਮਨੋਵਿਸ਼ਲੇਸ਼ਣੀ ਵਿਧੀ

(ਅ) ਅਨੁਕਰਣ ਸਿਧਾਂਤ। 10

6. ਕਿਸੇ **ਇੱਕ** ਸੰਕਲਪ ਬਾਰੇ ਚਰਚਾ ਕਰੋ :

(ੳ) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਕੀ ਹੈ ? ਵਿਚਾਰ ਕਰੋ।

(ਅ) ਭਾਸ਼ਾ ਵਿਗਿਆਨ ਅਤੇ ਮਨੋਵਿਗਿਆਨ ਦੇ ਆਪਸੀ ਰਿਸ਼ਤੇ ਬਾਰੇ ਚਰਚਾ ਕਰੋ। 10

(ੲ) ਨਾਨਕ ਕਾਲ ਵਿੱਚ ਲਿਖੇ ਜੰਗਨਾਮਿਆਂ ਅਤੇ ਲੇਖਕਾਂ ਦੇ ਨਾਂ ਲਿਖੋ।

(ਸ) ਪੀਲੂ ਦੀ ਰਚਨਾ ਅਤੇ ਉਸਦੀਆਂ ਵਿਸ਼ੇਸ਼ਤਾਈਆਂ ਲਿਖੋ।

(ਹ) ਸੁਲਤਾਨ ਬਾਹੂ ਦੀ ਰਚਨਾ ਤੇ ਉਸਦੀਆਂ ਕਾਵਿ ਖੂਬੀਆਂ ਬਾਰੇ ਲਿਖੋ।

(ਕ) ਹਾਫਿਜ਼ਬਰਖੁਰਦਾਰ ਦੀ ਰਚਨਾ ਬਾਰੇ ਜਾਣਕਾਰੀ ਦਿਉ। 5×4=20

5. ਕਿਸੇ **ਇੱਕ** ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(ੳ) ਮਨੋਵਿਸ਼ਲੇਸ਼ਣੀ ਵਿਧੀ

(ਅ) ਅਨੁਕਰਣ ਸਿਧਾਂਤ। 10

6. ਕਿਸੇ **ਇੱਕ** ਸੰਕਲਪ ਬਾਰੇ ਚਰਚਾ ਕਰੋ :

(ੳ) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਕੀ ਹੈ ? ਵਿਚਾਰ ਕਰੋ।

(ਅ) ਭਾਸ਼ਾ ਵਿਗਿਆਨ ਅਤੇ ਮਨੋਵਿਗਿਆਨ ਦੇ ਆਪਸੀ ਰਿਸ਼ਤੇ ਬਾਰੇ ਚਰਚਾ ਕਰੋ। 10